# ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਬਾਰੇ ਆਮ ਸਵਾਲ

## ਮੇਰੇ ਤਪੇਦਿਕ ਸੰਕ੍ਰਮਣ ਦਾ ਇਲਾਜ

ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨੇ ਤੁਹਾਡੇ ਤਪੇਦਿਕ (tuberculosis, TB) ਸੰਕ੍ਰਮਣ ਦਾ ਇਲਾਜ ਕਰਨ ਲਈ **ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ** ਦਾ ਨੁਸਖ਼ਾ ਲਿਖਿਆ ਹੈ। **ਇਸ ਦਵਾਈ ਨੂੰ 12 ਹਫ਼ਤਿਆਂ** ਲਈ ਹਰ ਹਫ਼ਤੇ ਵਿੱਚ ਇੱਕ ਵਾਰ, ਖਾਣ ਤੋਂ ਬਾਅਦ ਪੰਜ ਤੋਂ 10 ਮਿੰਟਾਂ ਅੰਦਰ ਲੈਣਾ ਲਾਜ਼ਮੀ ਹੈ। ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਤੁਹਾਨੂੰ ਭਵਿੱਖ ਵਿੱਚ ਕ੍ਰਿਆਸ਼ੀਲ ਤਪੇਦਿਕ ਬਿਮਾਰੀ, ਇੱਕ ਜ਼ਿਆਦਾ ਗੰਭੀਰ ਰੋਗ ਦੇ ਨਾਲ ਬਿਮਾਰ ਹੋਣ ਤੋਂ ਬਚਾਉਣ ਵਿੱਚ ਮਦਦ ਕਰ ਸਕਦੀਆਂ ਹਨ।

### ਮੇਰਾ ਤਪੇਦਿਕ ਟੈਸਟ ਪੌਜ਼ਿਟਿਵ ਹੈ, ਪਰ ਮੇਰੀ ਛਾਤੀ ਦਾ ਐਕਸ-ਰੇ ਬਿਲਕੁਲ ਠੀਕ ਹੈ। ਮੈਂ ਠੀਕ ਮਹਿਸੂਸ ਕਰਦਾ/ਕਰਦੀ ਹਾਂ। ਕੀ ਮੈਨੂੰ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਲੈਣਾ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ?

ਹਾਂ। ਭਾਵੇਂ ਤੁਸੀਂ ਇਸ ਵੇਲੇ ਬਿਮਾਰ ਮਹਿਸੂਸ ਨਹੀਂ ਕਰਦੇ ਹੋ, ਤੁਹਾਡੇ ਸਰੀਰ ਅੰਦਰ ਤਪੇਦਿਕ ਦੇ ਰੋਗਾਣੂ ਹੁੰਦੇ ਹਨ। ਸਿਰਫ਼ ਦਵਾਈ ਲੈਣਾ ਹੀ ਤੁਹਾਡੇ ਸਰੀਰ ਵਿੱਚ ਤਪੇਦਿਕ ਦੇ ਰੋਗਾਣੂਆਂ ਨੂੰ ਮਾਰਨ ਦਾ ਇੱਕ ਤਰੀਕਾ ਹੈ।

### ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਦੇ ਮਾੜੇ ਪ੍ਰਭਾਵ ਕੀ ਹਨ?

ਜ਼ਿਆਦਾਤਰ ਲੋਕ ਕਿਸੇ ਸਮੱਸਿਆਵਾਂ ਦੇ ਬਿਨਾਂ ਇਹ ਦਵਾਈਆਂ ਲੈ ਸਕਦੇ ਹਨ। ਰਿਫਾਪੈਨਟੀਨ ਕਾਰਨ ਤੁਹਾਡਾ ਪਿਸ਼ਾਬ (ਮੂਤਰ), ਲਾਰ (ਥੁੱਕ), ਅੱਥਰੂ ਜਾਂ ਪਸੀਨਾ ਸੰਤਰੀ-ਲਾਲ ਰੰਗ ਦਾ ਹੋ ਸਕਦਾ ਹੈ। ਇਹ ਆਮ ਗੱਲ ਹੈ। ਰੰਗ ਸਮੇਂ ਦੇ ਨਾਲ ਫਿੱਕਾ ਪੈ ਸਕਦਾ ਹੈ।

### ਕੀ ਮੈਂ ਹਾਲੇ ਵੀ ਹੋਰ ਦਵਾਈਆਂ, ਜੜੀ-ਬੂਟੀ ਦੀਆਂ ਦਵਾਈਆਂ, ਵਿਟਾਮਿਨ ਜਾਂ ਪੂਰਕ ਲੈ ਸਕਦਾ/ਸਕਦੀ ਹਾਂ?

ਇਹ ਨਿਰਭਰ ਕਰਦਾ ਹੈ। ਕੁਝ ਦਵਾਈਆਂ, ਵਿਟਾਮਿਨਾਂ ਅਤੇ ਪੂਰਕਾਂ ਨੂੰ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਦੇ ਨਾਲ ਲੈਣਾ ਸੁਰੱਖਿਅਤ ਹੁੰਦਾ ਹੈ। ਕੁਝ ਸੁਰੱਖਿਅਤ ਨਹੀਂ ਹੁੰਦੀਆਂ। ਆਪਣੇ ਪ੍ਰਦਾਤਾ, ਨਰਸ ਜਾਂ ਦਵਾਫਰੋਸ਼ ਨੂੰ ਤੁਹਾਡੇ ਵਲੋਂ ਲਈਆਂ ਜਾਂਦੀਆਂ ਹੋਰ ਦਵਾਈਆਂ, ਜਿਹਨਾਂ ਵਿੱਚ ਸਿੱਧਾ ਕਾਊਂਟਰ 'ਤੇ ਖਰੀਦੀਆਂ ਦਵਾਈਆਂ, ਨੁਸਖ਼ੇ ਵਾਲੀ ਦਵਾਈ (ਜਨਮ ਨਿਯੰਤ੍ਰਣ ਸਮਤ), ਜੜੀ-ਬੂਟੀ ਵਾਲੀ ਦਵਾਈ, ਪਰੰਪਰਾਗਤ ਦਵਾਈ, ਵਿਟਾਮਿਨ ਅਤੇ ਪੂਰਕ ਸ਼ਾਮਲ ਹਨ, ਬਾਰੇ ਦੱਸੋ।

### ਕੀ ਅਜਿਹੇ ਕੋਈ ਭੋਜਨ ਜਾਂ ਡ੍ਰਿੰਕ ਹਨ ਜਿਹਨਾਂ ਤੋਂ ਮੈਨੂੰ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਨੂੰ ਲੈਂਦੇ ਸਮੇਂ ਪਰਹੇਜ਼ ਕਰਨਾ ਚਾਹੀਦਾ ਹੈ?

ਹਾਂ। ਆਪਣੇ ਇਲਾਜ ਦੇ 12 ਹਫਤਿਆਂ ਦੇ ਦੌਰਾਨ ਸ਼ਰਾਬ ਨਾ ਪੀਓ। ਸ਼ਰਾਬ ਨੂੰ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਦੇ ਨਾਲ ਮਿਲਾ ਕੇ ਤੁਹਾਡਾ ਲੀਵਰ ਖਰਾਬ ਹੋ ਸਕਦਾ ਹੈ।

ਜਿਹੜੇ ਭੋਜਨਾਂ ਵਿੱਚ ਰਸਾਇਣਕ ਟਾਇਰਾਮਾਈਨ ਜਾਂ ਹਿਸਟਾਮਾਈਨ ਹੁੰਦਾ ਹੈ, ਜਿਵੇਂ ਕਿ ਪੁਰਾਣਾ ਪਨੀਰ, ਮੱਛੀ, ਤਿਆਰ ਕੀਤਾ ਜਾਂ ਸਮੋਕਡ ਮੀਟ, ਉਹਨਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਹਨਾਂ ਕਾਰਨ ਚਮੜੀ ਦੇ ਲਾਲ ਅਤੇ ਗਰਮ ਹੋਣ, ਤੇਜ਼ ਜਾਂ ਭੱਜ ਰਹੀ ਦਿਲ ਦੀ ਧੜਕਣ, ਵਧੇ ਹੋਏ ਬਲੱਡ ਪ੍ਰੈਸ਼ਰ ਜਾਂ ਸਿਰਦਰਦ ਜਿਹੇ ਲੱਛਣ ਹੋ ਸਕਦੇ ਹਨ। ਜੇ ਤੁਹਾਨੂੰ ਕੋਈ ਖਾਸ ਆਹਾਰ ਲੈਣ ਦੀ ਲੋੜ ਹੁੰਦੀ ਹੈ ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ।

### ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਦੋਹਾਂ ਨੂੰ ਲੈਣਾ ਬੰਦ ਕਰੋ ਅਤੇ ਜੇ ਤੁਹਾਨੂੰ ਹੇਠ ਲਿਖੇ ਕੋਈ ਵੀ ਮਾੜੇ ਪ੍ਰਭਾਵ ਹੁੰਦੇ ਹਨ ਤਾਂ ਆਪਣੇ ਪ੍ਰਦਾਤਾ ਦੇ ਦਫਤਰ 'ਤੇ ਫੌਰਨ ਕਾਲ ਕਰੋ:

- ਕੋਈ ਭੋਜਨ ਖਾਣ ਦੀ ਇੱਛਾ ਨਾ ਹੋਣਾ
- ਮਤਲੀ ਜਾਂ ਉਲਟੀ
- ਪੇਟ ਦਰਦ
- ਭੂਰਾ (ਲਾਲ ਜਾਂ ਸੰਤਰੀ ਨਹੀਂ) ਪਿਸ਼ਾਬ (ਮੂਤਰ)
- ਫਿੱਕੇ ਰੰਗ ਦੇ ਮਲ (ਟੱਟੀ/ਪੂਪ)
- ਦਸਤ
- ਤੁਹਾਡੀ ਛਾਤੀ ਵਿੱਚ ਦਰਦ ਜਾਂ ਛਾਤੀ ਵਿੱਚ ਸਾੜ
- ਫਲੂ-ਜਿਹੇ ਲੱਛਣ ਬੁਖ਼ਾਰ ਦੇ ਨਾਲ ਜਾਂ ਬਗੈਰ
- ਸਿਰਦਰਦ ਜਾਂ ਬਦਨ ਵਿੱਚ ਦਰਦ ਹੋਣਾ
- ਗੰਭੀਰ ਕਮਜ਼ੋਰੀ ਜਾਂ ਥਕਾਨ
- ਬੁਖਾਰ ਹੋਣਾ ਜਾਂ ਠੰਡ ਲੱਗਣਾ
- ਚੱਕਰ ਆਉਣੇ
- ਚਮੜੀ ਜਾਂ ਅੱਖਾਂ ਦਾ ਪੀਲਾ ਹੋਣਾ
- ਚਮੜੀ ਦਾ ਧੱਫੜ ਜਾਂ ਖਾਰਸ਼
- ਆਸਾਨੀ ਨਾਲ ਝਰੀਟ, ਜਾਂ ਤੁਹਾਡੀ ਚਮੜੀ ਉੱਤੇ ਲਾਲ ਜਾਂ ਜਾਮਨੀ ਧੱਬੇ ਜਿਹਨਾਂ ਦਾ ਕਾਰਨ ਤੁਸੀਂ ਸਮਝਾ ਨਹੀਂ ਸਕਦੇ
- ਆਸਾਨੀ ਨਾਲ ਖੂਨ ਵੱਗਣਾ, ਨੱਕ ਤੋਂ ਖੂਨ ਵੱਗਣਾ ਜਾਂ ਤੁਹਾਡੇ ਮਸੂੜਿਆਂ ਤੋਂ ਜਾਂ ਤੁਹਾਡੇ ਦੰਦਾਂ ਦੇ ਆਸ-ਪਾਸ ਖੂਨ ਵੱਗਣਾ
- ਸਾਹ ਦੀ ਕਮੀ
- ਤੁਹਾਡੇ ਹੱਥਾਂ, ਬਾਂਹਵਾਂ, ਪੈਰਾਂ ਜਾਂ ਲੱਤਾਂ ਵਿੱਚ ਦਰਦ ਜਾਂ ਝੁਨਝੁਨੀ
- ਉਦਾਸੀ ਜਾਂ ਡਿਪ੍ਰੈਸ਼ਨ ਦੀਆਂ ਭਾਵਨਾਵਾਂ

ਜੇ ਤੁਹਾਨੂੰ ਭੈੜੇ ਮਾੜੇ ਪ੍ਰਭਾਵ ਹੁੰਦੇ ਹਨ, ਤਾਂ ਤੁਸੀਂ ਤਪੇਦਿਕ ਸੰਕ੍ਰਮਣ ਦਾ ਇਲਾਜ ਕਰਨ ਲਈ ਇੱਕ ਵੱਖਰੀ ਦਵਾਈ ਲੈਣ ਦੇ ਯੋਗ ਹੋ ਸਕਦੇ ਹੋ। ਜੇ ਤੁਹਾਨੂੰ ਕੋਈ ਚਿੰਤਾਵਾਂ ਹੁੰਦੀਆਂ ਹਨ ਤਾਂ ਆਪਣੇ ਪ੍ਰਦਾਤਾ, ਨਰਸ ਜਾਂ ਫਾਰਮਾਸਿਸਟ ਨਾਲ ਗੱਲ ਕਰੋ।

NYC Health

# ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਬਾਰੇ ਆਮ ਸਵਾਲ
## ਮੇਰੇ ਤਪੇਦਿਕ ਸੰਕ੍ਰਮਣ ਦਾ ਇਲਾਜ

### ਜੇ ਮੈਂ ਆਪਣੀ ਦਵਾਈ ਲੈਣਾ ਭੁੱਲ ਜਾਂਦਾ/ਜਾਂਦੀ ਹਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
ਜੇ ਹਾਲੇ ਉਹੀ ਹਫ਼ਤਾ ਚੱਲ ਰਿਹਾ ਹੈ, ਤਾਂ ਜਿੰਨੀ ਛੇਤੀ ਤੁਹਾਨੂੰ ਯਾਦ ਆਉਂਦਾ ਹੈ, ਆਪਣੀ ਦਵਾਈ ਨੂੰ ਨਿਰਦੇਸ਼ ਅਨੁਸਾਰ ਲੈ ਲਓ। ਜੇ ਤੁਸੀਂ ਕੋਈ ਹਫ਼ਤਾ ਖੁੰਝਾ ਦਿੰਦੇ ਹੋ, ਤਾਂ ਆਪਣੀ ਦਵਾਈ ਨੂੰ ਨਿਰਦੇਸ਼ ਅਨੁਸਾਰ ਲੈਣਾ ਜਾਰੀ ਰੱਖੋ। ਜੇ ਤੁਸੀਂ ਆਪਣੀ ਦਵਾਈ ਨੂੰ ਲੈਣਾ ਭੁੱਲ ਜਾਂਦੇ ਹੋ, ਤਾਂ ਨਿਰਦੇਸ਼ ਲਈ ਆਪਣੇ ਪ੍ਰਦਾਤਾ ਨੂੰ ਕਾਲ ਕਰੋ।

### ਮੈਂ ਆਪਣੀ ਦਵਾਈ ਨੂੰ ਲੈਣਾ ਕਿਵੇਂ ਯਾਦ ਰੱਖ ਸਕਦਾ/ਸਕਦੀ ਹਾਂ?
ਆਪਣੀ ਦਵਾਈ ਨੂੰ ਹਫਤੇ ਵਿੱਚ ਇੱਕ ਵਾਰ ਲਓ (ਉਦਾਹਰਨ ਲਈ, ਹਰ ਸੋਮਵਾਰ ਨਾਸ਼ਤੇ ਦੇ ਨਾਲ)।
ਆਪਣੀ ਦਵਾਈ ਦਾ ਹਿਸਾਬ ਰੱਖਣ ਦੇ ਵੱਖਰੇ-ਵੱਖਰੇ ਤਰੀਕੇ ਹੁੰਦੇ ਹਨ:

- ☑ ਦਵਾਈ ਦਾ ਲੌਗ, ਜਿਵੇਂ ਕਿ ਤਪੇਦਿਕ ਸੰਕ੍ਰਮਣ ਦਵਾਈ ਟ੍ਰੈਕਰ, ਦੀ ਵਰਤੋਂ ਕਰਕੇ ਇਸ ਗੱਲ ਦਾ ਹਿਸਾਬ ਰੱਖੋ ਕਿ ਤੁਸੀਂ ਆਪਣੀ ਦਵਾਈ ਨੂੰ ਕਿਵੇਂ ਅਤੇ ਕਦੋਂ ਲੈਂਦੇ ਹੋ।
- ☑ ਆਪਣੇ ਸੈੱਲਫ਼ੋਨ ਜਾਂ ਕੰਪਿਊਟਰ ਉੱਤੇ ਇੱਕ ਕੈਲੰਡਰ ਐਪਲੀਕੇਸ਼ਨ (ਐਪ) ਦੀ ਵਰਤੋਂ ਕਰਕੇ ਇਸ ਗੱਲ ਦਾ ਹਿਸਾਬ ਰੱਖੋ ਕਿ ਆਪਣੀ ਦਵਾਈ ਨੂੰ ਕਿਵੇਂ ਅਤੇ ਕਦੋਂ ਲੈਣਾ ਹੈ।
- ☑ ਆਪਣੀ ਦਵਾਈ ਲੈਣ ਲਈ ਰੋਜ਼ਾਨਾ ਅਲਾਰਮ ਸੈਟ ਕਰੋ।
- ☑ ਆਪਣੀ ਦਵਾਈ ਨੂੰ ਹਮੇਸ਼ਾ ਸਮਾਨ ਥਾਂ 'ਤੇ ਰੱਖੋ, ਜਿਵੇਂ ਕਿ ਇੱਕ ਬਿਸਤਰ ਦੇ ਕੋਲ ਪਿਆ ਮੇਜ਼।
- ☑ ਇੱਕ ਹਫ਼ਤਾਵਾਰੀ ਪਿੱਲਬਾਕਸ ਦੀ ਵਰਤੋਂ ਕਰੋ।
- ☑ ਇੱਕ ਦੋਸਤ ਜਾਂ ਪਰਿਵਾਰ ਦੇ ਸਦੱਸ ਨੂੰ ਤੁਹਾਨੂੰ ਤੁਹਾਡੀ ਦਵਾਈ ਲੈਣਾ ਯਾਦ ਕਰਾਉਣ ਲਈ ਕਹੋ।

### ਮੈਨੂੰ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਨੂੰ ਕਿਵੇਂ ਸਟੋਰ ਕਰਨਾ ਚਾਹੀਦਾ ਹੈ?
ਆਪਣੀ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਨੂੰ ਕਮਰੇ ਦੇ ਤਾਪਮਾਨ 'ਤੇ ਸਟੋਰ ਕਰੋ। ਇਹਨਾਂ ਦਵਾਈਆਂ ਨੂੰ ਉੱਥੇ ਸਟੋਰ ਨਾ ਕਰੋ ਜਿੱਥੇ ਇਹ ਬਹੁਤ ਠੰਢੀਆਂ (ਜਿਵੇਂ ਕਿ ਫਰਿੱਜ ਵਿੱਚ), ਬਹੁਤ ਗਰਮ (ਜਿਵੇਂ ਕਿ ਤੁਹਾਡੇ ਸਟੋਵ ਦੇ ਕੋਲ) ਜਾਂ ਬਹੁਤ ਸਿੱਲ੍ਹੀਆਂ (ਜਿਵੇਂ ਕਿ ਤੁਹਾਡੇ ਬਾਥਰੂਮ ਦੀ ਅਲਮਾਰੀ ਅੰਦਰ) ਹੋ ਜਾਣਗੀਆਂ। ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ। ਵਧੇਰੀ ਜਾਣਕਾਰੀ ਲਈ, **nyc.gov/health** 'ਤੇ ਜਾਓ ਅਤੇ **"medicine safety" (ਦਵਾਈ ਦੀ ਸੁਰੱਖਿਆ)** ਲਈ ਖੋਜ ਕਰੋ।

### ਕੀ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਲਈ ਮੇਰੇ ਨੁਸਖ਼ੇ ਨੂੰ ਇੱਕ ਸਮੇਂ 'ਤੇ 30 ਤੋਂ ਜ਼ਿਆਦਾ ਦਿਨਾਂ ਲਈ ਭਰਿਆ ਜਾ ਸਕਦਾ ਹੈ?
ਇਹ ਸੰਭਾਵਨਾ ਬਹੁਤ ਜ਼ਿਆਦਾ ਹੋਵੇਗੀ ਕਿ ਤੁਹਾਡੇ ਪ੍ਰਦਾਤਾ ਤੁਹਾਨੂੰ ਹਰ ਮਹੀਨੇ ਮਿਲਣਾ ਚਾਹੇ ਜਦਕਿ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਲੈ ਰਹੇ ਹੁੰਦੇ ਹੋ, ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਇਲਾਜ ਕੰਮ ਕਰ ਰਿਹਾ ਹੈ ਅਤੇ ਕਿਸੇ ਮਾੜੇ ਪ੍ਰਭਾਵਾਂ ਦੀ ਚਰਚਾ ਕੀਤੀ ਜਾਵੇ। ਮਿਲ ਕੇ, ਤੁਸੀਂ ਅਤੇ ਤੁਹਾਡਾ ਪ੍ਰਦਾਤਾ ਫੈਸਲਾ ਲੈ ਸਕਦੇ ਹੋ ਕਿ ਕਿਹੜੀ ਚੀਜ਼ ਸਭ ਤੋਂ ਵਧੀਆ ਕੰਮ ਕਰੇਗੀ।

### ਜੇ ਮੈਂ ਸਿਹਤਮੰਦ ਮਹਿਸੂਸ ਕਰਾਂ ਤਾਂ ਕੀ ਮੈਂ ਘੱਟ ਦਵਾਈ ਲੈ ਸਕਦਾ/ਸਕਦੀ ਹਾਂ? ਕੀ ਮੈਂ ਇਲਾਜ ਛੇਤੀ ਰੋਕ ਸਕਦਾ/ਸਕਦੀ ਹਾਂ?
ਨਹੀਂ। ਆਪਣੀ ਸਾਰੀ ਤਪੇਦਿਕ ਸੰਕ੍ਰਮਣ ਦੀ ਦਵਾਈ ਨੂੰ ਲੈਣਾ ਖਤਮ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਤੁਹਾਨੂੰ ਤੁਹਾਡੇ ਸਰੀਰ ਵਿੱਚ ਤਪੇਦਿਕ ਰੋਗਾਣੂਆਂ ਨੂੰ ਮਾਰਨ ਦਾ ਸਭ ਤੋਂ ਵਧੀਆ ਮੌਕਾ ਦਿੱਤਾ ਜਾਵੇ। ਜੇ ਤੁਸੀਂ ਇਲਾਜ ਨੂੰ ਜਲਦੀ ਬੰਦ ਕਰਦੇ ਹੋ, ਤੁਸੀਂ ਹਾਲੇ ਵੀ ਮਗਰੋਂ ਬਿਮਾਰ ਹੋ ਸਕਦੇ ਹੋ। ਇਲਾਜ ਬੰਦ ਕਰਨ ਜਾਂ ਆਪਣੀ ਦਵਾਈ ਨੂੰ ਘਟਾਉਣ ਤੋਂ ਪਹਿਲਾਂ, ਆਪਣੇ ਪ੍ਰਦਾਤਾ ਨਾਲ ਗੱਲ ਕਰੋ।

### ਮੈਂ ਆਈਸੋਨਿਆਜ਼ਿਡ ਅਤੇ ਰਿਫਾਪੈਨਟੀਨ ਨੂੰ ਲੈਣਾ ਕਦੋਂ ਬੰਦ ਕਰ ਸਕਦਾ/ਸਕਦੀ ਹਾਂ?
ਜਦੋਂ ਤੁਸੀਂ ਆਪਣਾ ਸਮੁੱਚਾ 12-ਹਫ਼ਤੇ ਦਾ ਇਲਾਜ ਪੂਰਾ ਕਰ ਲੈਂਦੇ ਹੋ। ਜੇ ਤੁਹਾਨੂੰ ਦਵਾਈ ਲੈਣ ਵਿੱਚ ਦਿੱਕਤ ਆ ਰਹੀ ਹੈ, ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ ਤਾਂ ਜੋ ਉਹ ਤੁਹਾਡਾ ਇਲਾਜ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਣ।

**ਜੇ ਤੁਹਾਡੇ ਕੋਲ ਆਪਣੇ ਤਪੇਦਿਕ ਸੰਕ੍ਰਮਣ ਦੇ ਇਲਾਜ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਆਪਣੇ ਪ੍ਰਦਾਤਾ ਨਾਲ ਗੱਲ ਕਰੋ। ਆਪਾਤਕਾਲ ਸਥਿਤੀ ਵਿੱਚ ਜਾਂ ਜੇ ਮਾੜੇ ਪ੍ਰਭਾਵ ਵਿਗੜ ਜਾਂਦੇ ਹਨ, ਤਾਂ ਆਪਣੇ ਪ੍ਰਦਾਤਾ ਨਾਲ ਸੰਪਰਕ ਕਰੋ ਜਾਂ ਆਪਣੇ ਨਜ਼ਦੀਕੀ ਆਪਾਤਕਾਲ ਕਮਰੇ 'ਤੇ ਜਾਓ।**

### ਪ੍ਰਦਾਤਾ/ਕਲਿਨਿਕ ਦੀ ਸੰਪਰਕ ਜਾਣਕਾਰੀ

ਪ੍ਰਦਾਤਾ/ਕਲਿਨਿਕ ਦਾ ਨਾਂ: ______________________

______________________

ਫ਼ੋਨ ਨੰਬਰ: ______________________

ਪਤਾ: ______________________

______________________